AQA

Please write clearly in block capitals.

Centre number

Candidate number

Surname

Forename(s)

Candidate signature

I declare this is my own work.

# GCSE
# PANJABI

H

## Higher Tier Paper 3 Reading

Tuesday 9 June 2020 Afternoon Time allowed: 1 hour

**Materials**
You will need no other materials.

**Instructions**
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**. In **Section B**, answer the questions in **Panjabi**. In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.
- You must **not** use a dictionary.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| **TOTAL** | |

Do not write outside the box

## Section A

Questions and answers in **English**.

**0 1** **Short story**

You read the following extract from a short story by Professor Puran Singh.

ਮੈਲੇ ਅਤੇ ਪਾਟੇ ਕੱਪੜਿਆਂ ਵਿੱਚ ਬੈਠੀ ਮੀਨਾ ਨੂੰ ਵੇਖ ਗੌਤਮ ਅਤੇ ਤ੍ਰਿਪਤਾ ਹੈਰਾਨ ਹੋ ਗਏ। ਮੀਨਾ ਦੀ ਸ਼ਕਲ ਬਿਲਕੁਲ ਰੀਨਾ ਵਰਗੀ ਸੀ। ਮੀਨਾ ਦੇ ਮਾਂ-ਬਾਪ ਲੋਕਾਂ ਦੇ ਘਰਾਂ ਦੀ ਸਫਾਈ ਕਰਦੇ ਸਨ। ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚਲਦਾ ਸੀ। ਗੌਤਮ ਅਤੇ ਤ੍ਰਿਪਤਾ ਨੂੰ ਮੀਨਾ ਵਿੱਚੋਂ ਆਪਣੀ ਧੀ ਰੀਨਾ ਨਜ਼ਰ ਆਉਣ ਲੱਗੀ। ਉਨ੍ਹਾਂ ਨੇ ਰੀਨਾ ਦੇ ਸਾਰੇ ਕੱਪੜੇ ਅਤੇ ਕਿਤਾਬਾਂ ਮੀਨਾ ਨੂੰ ਦੇ ਦਿੱਤੇ।

ਇੱਕ ਦਿਨ ਗੌਤਮ ਅਤੇ ਤ੍ਰਿਪਤਾ ਨੇ ਸੋਚਿਆ, ਉਹ ਮੀਨਾ ਨੂੰ ਉਸ ਦੇ ਮਾਪਿਆਂ ਕੋਲੋਂ ਕਾਨੂੰਨੀ ਤੌਰ ਤੇ ਲੈ ਲੈਣਗੇ। ਪਰ ਜਦੋਂ ਉਨ੍ਹਾਂ ਨੇ ਬਾਹਰ ਵੇਖਿਆ ਮੀਨਾ ਆਪਣੀ ਦਾਦੀ ਨਾਲ ਸਿਰ ਤੇ ਟੋਕਰੀ ਵਿੱਚ ਝਾੜੂ ਰੱਖੀ ਕਿਸੇ ਦੇ ਘਰ ਦੀ ਸਫਾਈ ਕਰਨ ਜਾ ਰਹੀ ਸੀ।

Write **T** if the statement is **true**.

Write **F** if the statement is **false**.

Write **NT** if the information is **not in the text**.

**0 1 . 1** The state of Meena's clothes was bad. **[1 mark]**

**0 1 . 2** Meena did not look like Reena at all. **[1 mark]**

**0 1 . 3** Meena's parents were very poor. **[1 mark]**

**0 1 . 4** Tripta found a job in Meena's school to spend more time with her. **[1 mark]**

**0 1 . 5** Gautam and Tripta gave all Reena's belongings to Meena. **[1 mark]**

**0 1 . 6** Reena's parents decided to adopt Meena. **[1 mark]**

**0 1 . 7** Meena came to Gautam and Tripta's house to do a cleaning job. **[1 mark]**

7

Do not write outside the box

**0 2** **Social media**

You read an article about social media in a Panjabi magazine.

ਅੱਜ-ਕੱਲ੍ਹ ਲੋਕ ਕਿੰਨਾ ਹੀ ਸਮਾਂ ਫੇਸ ਬੁੱਕ, ਟਵਿੱਟਰ ਅਤੇ ਇੰਸਟਾਗ੍ਰਾਮ ਤੇ ਬਿਤਾਉਂਦੇ ਹਨ। ਸੋਸ਼ਲ ਮੀਡੀਆ ਦੇ ਭੈੜੇ ਅਸਰ ਨੂੰ ਘਟਾਉਣ ਲਈ ਲਗਾਤਾਰ ਇੱਕ ਘੰਟਾ ਇਸ ਦੀ ਵਰਤੋਂ ਕਰਨ ਤੋਂ ਬਾਅਦ ਪੰਜ ਦਸ ਮਿੰਟਾਂ ਲਈ ਆਰਾਮ ਕਰਨਾ ਚਾਹੀਦਾ ਹੈ।

ਜ਼ਿਆਦਾ ਦੇਰ ਤੱਕ ਕੰਪਿਊਟਰ ਅੱਗੇ ਬੈਠੇ ਰਹਿਣ ਨਾਲ ਅੱਖਾਂ ਤੇ ਜ਼ੋਰ ਪੈਂਦਾ ਹੈ, ਲੋਕਾਂ ਨਾਲ ਮਿਲਣਾ ਜੁਲਣਾ ਚੰਗਾ ਨਹੀਂ ਲਗਦਾ ਅਤੇ ਨੀਂਦ ਨਹੀਂ ਆਉਂਦੀ। ਸੋਸ਼ਲ ਮੀਡੀਆ ਦੇ ਸਭ ਤੋਂ ਵੱਡੇ ਫਾਇਦੇ ਇਹ ਹਨ ਕਿ ਇਹ ਨਵੇਂ ਫੈਸ਼ਨ ਅਤੇ ਤਾਜ਼ਾ ਘਟਨਾਵਾਂ ਤੋਂ ਬਹੁਤ ਜਲਦੀ ਜਾਣੂ ਕਰਾਉਂਦਾ ਹੈ।

Answer the following questions in **English**.

**0 2 . 1** What is suggested to reduce the bad effects of social media?

**[1 mark]**

______________________________________________________________________

______________________________________________________________________

**0 2 . 2** How can social media affect someone's health? Give **two** details.

**[2 marks]**

______________________________________________________________________

______________________________________________________________________

______________________________________________________________________

______________________________________________________________________

**0 2 . 3** What are **two** benefits of social media?

**[2 marks]**

______________________________________________________________________

______________________________________________________________________

______________________________________________________________________

______________________________________________________________________

5

**Turn over ▶**

Do not write outside the box

**0 3** **Friends and family**

You read a web forum page where young people exchange information about their relationships with Panjabi friends and family.



Ravinder

ਮੇਰੇ ਭਰਾ ਨਾਲ ਮੇਰੀ ਬਹੁਤ ਬਣਦੀ ਹੈ। ਪਰ ਮੇਰੀ ਭੈਣ ਮੈਨੂੰ ਹਮੇਸ਼ਾ ਖਿਝਾਉਂਦੀ ਰਹਿੰਦੀ ਹੈ।




Kulwinder

ਮੇਰੇ ਮਾਤਾ ਪਿਤਾ ਜੀ ਮੈਨੂੰ ਨਿੱਕੀ ਨਿੱਕੀ ਗੱਲ ਤੇ ਟੋਕਦੇ ਰਹਿੰਦੇ ਹਨ ਅਤੇ ਜੇ ਥੋੜ੍ਹਾ ਜਿਹਾ ਵੀ ਘਰ ਦੇਰ ਨਾਲ ਆਵਾਂ ਤਾਂ ਬਹੁਤ ਗੁੱਸੇ ਹੁੰਦੇ ਹਨ।



Balwinder

ਮੇਰੇ ਕਈ ਦੋਸਤ ਮਿੱਤਰ ਹਨ ਅਤੇ ਮੈਂ ਜਦੋਂ ਵੀ ਪੰਜਾਬ ਜਾਂਦਾ ਹਾਂ, ਉਨ੍ਹਾਂ ਨਾਲ ਬਹੁਤ ਮਸਤੀ ਕਰਦਾ ਹਾਂ।



Amrit

ਮੇਰੇ ਪਿਤਾ ਜੀ  ਦਾ ਸੁਭਾਅ ਕਾਫੀ ਗਰਮ ਹੈ ਇਸ ਲਈ ਮੈਂ ਆਪਣੇ ਮਾਤਾ ਜੀ ਨੂੰ ਜ਼ਿਆਦਾ ਪਿਆਰ ਕਰਦੀ ਹਾਂ ਕਿਉਂਕਿ ਉਹ ਬਹੁਤ ਠੰਡੇ ਸੁਭਾਅ ਦੇ ਹਨ।



Sukhwinder

ਮੈਂ ਆਪਣੀਆਂ ਸਹੇਲੀਆਂ ਤੇ ਬਿਲਕੁਲ ਯਕੀਨ ਨਹੀਂ ਕਰ ਸਕਦੀ ਕਿਉਂਕਿ ਉਹ ਮੇਰੀਆਂ ਚੁਗਲੀਆਂ ਕਰਦੀਆਂ ਹਨ।

*Do not write outside the box*

Write the first letter of the correct name in the box.

Write **R** for Ravinder

Write **K** for Kulwinder

Write **B** for Balwinder

Write **A** for Amrit

Write **S** for Sukhwinder

**0 3 . 1** Who has many friends in the Punjab? ☐ **[1 mark]**

**0 3 . 2** Who has an annoying sister? ☐ **[1 mark]**

**0 3 . 3** Who cannot trust their friends? ☐ **[1 mark]**

**0 3 . 4** Who likes their mum more than their dad? ☐ **[1 mark]**

**0 3 . 5** Who does not get on well with their parents? ☐ **[1 mark]**

**5**

**Turn over for the next question**

Do not write outside the box

**0 4** **Sikh Aid UK**

You read an article in a Panjabi magazine.

ਪਿੱਛੇ ਜਿਹੇ ਨੇਪਾਲ ਵਿੱਚ ਇੱਕ ਸ਼ਕਤੀਸ਼ਾਲੀ ਭੁਚਾਲ ਆਇਆ। ਜਿਸ ਨਾਲ ਬਹੁਤ ਲੋਕਾਂ ਤੇ ਮਾੜਾ ਅਸਰ ਹੋਇਆ ਅਤੇ ਕਈਆਂ ਦੇ ਘਰ ਤਬਾਹ ਹੋ ਗਏ।

ਸਿੱਖ ਏਡ ਯੂ ਕੇ ਨੇ ਚੌਵੀ ਘੰਟਿਆਂ ਦੇ ਅੰਦਰ ਅੰਦਰ ਸਹਾਇਤਾ ਲਈ ਇੱਕ ਟੀਮ ਨੇਪਾਲ ਭੇਜੀ। ਕਠਮੰਡੂ ਦੇ ਰਿਲੀਫ ਕੈਂਪ ਵਿੱਚ ਦਸ ਹਜ਼ਾਰ ਤੋਂ ਵੀ ਵੱਧ ਭੁਚਾਲ ਤੋਂ ਪ੍ਰਭਾਵਿਤ ਲੋਕ ਦਾਖਲ ਸਨ। ਸਿੱਖ ਏਡ ਟੀਮ ਨੇ ਝਟਪਟ ਕੈਂਪ ਵਿੱਚ ਰੋਜ਼ਾਨਾ ਸਵੇਰੇ ਸ਼ਾਮ ਭੁਚਾਲ ਤੋਂ ਬਚੇ ਲੋਕਾਂ ਲਈ ਵੈਸ਼ਨੂੰ ਖਾਣਾ ਪਕਾਉਣ ਅਤੇ ਵਰਤਾਉਣ ਲਈ ਜਗ੍ਹਾ ਤਿਆਰ ਕੀਤੀ। ਦੋ ਹਫਤੇ ਸਿੱਖ ਏਡ ਟੀਮ ਨੇ ਸਥਾਨਕ ਸਰਕਾਰ ਦੀ ਟੁੱਟੇ ਹੋਏ ਮਕਾਨਾਂ ਦਾ ਸਾਮਾਨ ਹਟਾਉਣ ਵਿੱਚ ਮਦਦ ਕੀਤੀ। ਇਸ ਟੀਮ ਨੇ ਸਥਾਨਕ ਜਨਤਾ ਤੋਂ ਘਰ ਬਣਾਉਣ ਵਾਲਾ ਮਲਬਾ ਇਕੱਤਰ ਕੀਤਾ ਅਤੇ ਭੁਚਾਲ ਨਾਲ ਬੇਘਰ ਹੋਏ ਲੋਕਾਂ ਦੇ ਰਹਿਣ ਲਈ ਚਾਰ ਸੌ ਅਸਥਾਈ ਘਰ ਬਣਾਏ। ਜਿਨ੍ਹਾਂ ਪਰਿਵਾਰਾਂ ਵਿੱਚ ਛੋਟੇ ਛੋਟੇ ਬੱਚਿਆਂ ਨੂੰ ਦੁੱਧ ਦੀ ਬਹੁਤ ਸਖਤ ਜ਼ਰੂਰਤ ਸੀ ਉਨ੍ਹਾਂ ਪਰਿਵਾਰਾਂ ਨੂੰ ਉੱਥੋਂ ਦੀ ਸਥਾਨਕ ਟੀਮ ਨਾਲ ਰਲ ਕੇ ਤੁਰੰਤ ਦੁੱਧ ਪਹੁੰਚਾਉਣ ਵਿੱਚ ਸਹਾਇਤਾ ਕੀਤੀ।

ਸੰਚੇਤ ਸਿੰਘ

Write the correct letter in each box.

**0 4 . 1** Which natural disaster does this article talk about?

| | |
|---|---|
| **A** | Tornado |
| **B** | Tsunami |
| **C** | Earthquake |

☐

**[1 mark]**

**0 4 . 2** What did Sikh Aid UK help the victims with?

| | |
|---|---|
| **A** | Medicine |
| **B** | Food |
| **C** | Clothes |

☐

**[1 mark]**

*Do not write outside the box*

**0 4 . 3** How did Sikh Aid UK help the local government?

| | |
|---|---|
| **A** | In removing rubble |
| **B** | In cleaning water |
| **C** | In escorting victims |

**[1 mark]**

**0 4 . 4** How did Sikh Aid UK build temporary shelters?

| | |
|---|---|
| **A** | By importing building materials |
| **B** | By getting building materials from the local government |
| **C** | By collecting building materials from the local people |

**[1 mark]**

**0 4 . 5** How did Sikh Aid UK help families which needed help urgently?

| | |
|---|---|
| **A** | Delivered them first aid kits |
| **B** | Provided them with milk |
| **C** | Admitted them into hospitals |

**[1 mark]**

**5**

Do not write outside the box

**0 5** **Tweets about the environment**

Jasprit has posted a tweet about the environment in her local area on Twitter.
You read some of the replies from her friends.



**Jasprit@Hare17**
ਆਪਣੇ ਇਲਾਕੇ ਦੇ ਵਾਤਾਵਰਣ ਬਾਰੇ ਤੁਹਾਡੇ ਕੀ ਵਿਚਾਰ ਹਨ ?

**Kulwinder@Dass1**

**@Hare17**
ਮੇਰੇ ਇਲਾਕੇ ਵਿੱਚ ਬਹੁਤ ਫੈਕਟਰੀਆਂ ਹਨ ਅਤੇ ਹਰ ਘਰ ਵਿੱਚ ਦੋ ਤੋਂ ਵੱਧ ਕਾਰਾਂ ਹਨ। ਘਰ ਨੇੜੇ ਹੋਣ ਦੇ ਬਾਵਜੂਦ ਵੀ ਲੋਕ ਆਪਣੇ ਨਿਆਣਿਆਂ ਨੂੰ ਸਕੂਲ ਕਾਰ ਵਿੱਚ ਛੱਡਣ ਜਾਂਦੇ ਹਨ।

**Mahavir@M_Rai**

**@Hare17**
ਕੁਝ ਨੌਜਵਾਨ ਮੇਰੇ ਇਲਾਕੇ ਵਿੱਚ ਰਾਤ ਨੂੰ ਦੇਰ ਤੱਕ ਰੌਲਾ ਪਾਉਂਦੇ ਰਹਿੰਦੇ ਹਨ ਅਤੇ ਖਾਲੀ ਬੋਤਲਾਂ ਅਤੇ ਡੱਬੇ ਸੜਕ ਵਿੱਚ ਸੁੱਟ ਦਿੰਦੇ ਹਨ। ਕੌਂਸਲ ਨੇ ਸੜਕਾਂ ਤੇ ਕੂੜੇਦਾਨ ਰੱਖੇ ਹੋਏ ਹਨ, ਉਨ੍ਹਾਂ ਕੂੜੇਦਾਨਾਂ ਵਿੱਚ ਕੋਈ ਕੂੜਾ ਨਹੀਂ ਸੁੱਟਦਾ।

**Ranjit@Hare_R**

**@Hare17**
ਮੇਰੇ ਇਲਾਕੇ ਵਿੱਚ ਤਾਂ ਬੜੀ ਸ਼ਾਂਤੀ ਹੈ। ਲੋਕ ਪੈਦਲ ਚੱਲਣਾ ਜਾਂ ਸਾਈਕਲ ਚਲਾਉਣਾ ਪਸੰਦ ਕਰਦੇ ਹਨ। ਜੇ ਕਿਧਰੇ ਦੂਰ ਜਾਣਾ ਹੋਵੇ ਤਾਂ ਹੀ ਲੋਕ ਬੱਸ ਜਾਂ ਰੇਲ ਗੱਡੀ ਤੇ ਸਫਰ ਕਰਦੇ ਹਨ।

**Anita@Matoo_A**

**@Hare17**
ਜਿੱਥੇ ਵੇਖੋ ਪਾਰਕਾਂ ਦੀ ਜਗ੍ਹਾ ਉੱਚੀਆਂ ਇਮਾਰਤਾਂ ਬਣ ਗਈਆਂ ਹਨ। ਜਿਸ ਕਰਕੇ ਨੌਜਵਾਨਾਂ ਦੇ ਖੇਡਣ ਅਤੇ ਵੱਡਿਆਂ ਦੇ ਸੈਰ ਕਰਨ ਲਈ ਜਗ੍ਹਾ ਦੀ ਕਮੀ ਹੋ ਗਈ ਹੈ।

*Do not write outside the box*

What are Jasprit's friends' views on the environment in their local area?

For a **positive** view, write **P**.

For a **negative** view, write **N**.

For a **positive** and **negative** view, write **P/N**.

**0 5 . 1** Kulwinder

**[1 mark]**

**0 5 . 2** Mahavir

**[1 mark]**

**0 5 . 3** Ranjit

**[1 mark]**

**0 5 . 4** Anita

**[1 mark]**

**4**

**Turn over for the next question**

Do not write outside the box

**0 6** **Life at university**

You read a blog post by Narinder about his life at university.

ਮੈਂ ਜੀਵ ਵਿਗਿਆਨ ਦੀ ਡਿਗਰੀ ਕਰ ਰਿਹਾ ਹਾਂ ਅਤੇ ਯੂਨੀਵਰਸਿਟੀ ਵਿੱਚ ਮੇਰਾ ਇਹ ਪਹਿਲਾ ਸਾਲ ਹੈ। ਸਾਡੇ ਅਧਿਆਪਕ ਇਸ ਕੋਰਸ ਨੂੰ ਲੈ ਕੇ ਜ਼ਿਆਦਾ ਗੰਭੀਰ ਨਹੀਂ ਹਨ। ਉਹ ਸਾਨੂੰ ਕਦੇ ਵੀ ਇੱਕ ਹਫਤਾ ਪਹਿਲਾਂ ਨਹੀਂ ਦੱਸਦੇ ਕਿ ਅਗਲੇ ਹਫਤੇ ਕਿਹੜੇ ਲੈਸਨ ਹੋਣਗੇ। ਕਈ ਵਾਰੀ ਅਧਿਆਪਕ ਸਾਨੂੰ ਸਿਰਫ ਇੱਕ ਦਿਨ ਪਹਿਲਾਂ ਦੱਸਦੇ ਹਨ ਕਿ ਅਗਲੇ ਦਿਨ ਲੈਸਨ ਨਹੀਂ ਹੋਵੇਗਾ।

ਮੈਂ ਇਸ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਸੀ ਕਿਉਂਕਿ ਇੱਥੇ ਇਸ ਵਿਸ਼ੇ ਵਿੱਚ ਡਿਗਰੀ ਕਰਨ ਵਾਲਿਆਂ ਨੂੰ ਦੂਸਰੀਆਂ ਯੂਨੀਵਰਸਿਟੀਆਂ ਦੇ ਮੁਕਾਬਲੇ ਨੌਕਰੀ ਮਿਲਣ ਦੇ ਵੱਧ ਮੌਕੇ ਸਨ।

ਅਸੀਂ ਸਾਰੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਵਿਦਿਆਰਥੀ ਯੂਨੀਅਨ ਰਾਹੀਂ ਸ਼ਿਕਾਇਤ ਕੀਤੀ ਹੈ। ਮੈਂ ਤਾਂ ਸੋਚ ਲਿਆ ਹੈ ਜੇਕਰ ਕੁਝ ਵੀ ਨਾ ਹੋਇਆ ਤਾਂ ਅਗਲੇ ਸਾਲ ਮੈਂ ਯੂਨੀਵਰਸਿਟੀ ਜ਼ਰੂਰ ਬਦਲ ਲੈਣੀ ਹੈ!

Answer the following questions in **English**.

**0 6 . 1** Why is Narinder **not** happy about his course at university? Give **one** detail.

**[1 mark]**

______________________________________________

______________________________________________

**0 6 . 2** Why has Narinder decided to study at this university?

**[1 mark]**

______________________________________________

______________________________________________

**0 6 . 3** How have the students tackled the issue at university?

**[1 mark]**

______________________________________________

______________________________________________

**3**

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 7** **Choice of A-level subjects**

A Panjabi school has published the results of an online survey about how students choose their A-level subjects. Read the summary of the results.

ਪਿਛਲੇ ਸਾਲ, ਅਸੀਂ ਗਿਆਰ੍ਹਵੀਂ ਜਮਾਤ ਦੇ ਪੰਜਾਬੀ ਵਿਦਿਆਰਥੀਆਂ ਨੂੰ ਏ ਲੈਵਲ ਵਿਸ਼ਿਆਂ ਦੀ ਚੋਣ ਕਰਨ ਵੇਲੇ ਪੁੱਛਿਆ, ਤੁਸੀਂ ਏ ਲੈਵਲ ਦੀ ਪੜ੍ਹਾਈ ਲਈ ਵਿਸ਼ਿਆਂ ਦੀ ਚੋਣ ਕਿਵੇਂ ਕਰਦੇ ਹੋ ?
ਉਸ ਔਨਲਾਈਨ ਸਰਵੇ ਦੇ ਨਤੀਜੇ ਹੇਠ ਲਿਖੇ ਹਨ :

55% ਵਿਦਿਆਰਥੀ ਏ ਲੈਵਲ ਵਿਸ਼ਿਆਂ ਦੀ ਚੋਣ ਆਪਣੀ ਵਿਸ਼ੇ ਵਿੱਚ ਦਿਲਚਸਪੀ ਦੇ ਆਧਾਰ ਤੇ ਕਰਦੇ ਹਨ।

30% ਵਿਦਿਆਰਥੀ ਵਿਸ਼ਿਆਂ ਦੀ ਚੋਣ ਆਪਣੇ ਮਾਪਿਆਂ ਦੇ ਕਹਿਣ ਤੇ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਮਾਪਿਆਂ ਨੂੰ ਜ਼ਿਆਦਾ ਪਤਾ ਹੈ ਕਿ ਕਿਹੜਾ ਕੰਮ ਕਰਨ ਨਾਲ ਵੱਧ ਪੈਸੇ ਮਿਲਦੇ ਹਨ।

10% ਵਿਦਿਆਰਥੀ ਏ ਲੈਵਲ ਵਿਸ਼ੇ ਨੌਕਰੀ ਮਿਲਣ ਦੇ ਵੱਧ ਮੌਕਿਆਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਨ।

5% ਵਿਦਿਆਰਥੀ ਏ ਲੈਵਲ ਵਿਸ਼ਿਆਂ ਦੀ ਚੋਣ ਆਪਣੇ ਦੋਸਤਾਂ/ਸਹੇਲੀਆਂ ਦੇ ਮਗਰ ਲਗ ਕੇ ਕਰਦੇ ਹਨ।

Do not write outside the box

Answer the questions in **English**.

**0 7 . 1** How do the majority of students choose their A-level subjects?

**[1 mark]**

**0 7 . 2** What do students believe their parents know better?

**[1 mark]**

**0 7 . 3** What do 10% of students consider in choosing their A-level studies?

**[1 mark]**

**0 7 . 4** What is the most important factor for 5% of students in their choice of A-level subjects?

**[1 mark]**

**4**

**Turn over for Section B**

Do not write outside the box

## Section B

Questions and answers in **Panjabi**.

**0 8** **ਜਵਾਨ ਪੰਜਾਬ ਦੇ**

ਤੁਸੀਂ ਪ੍ਰੋਫੈਸਰ ਪੂਰਨ ਸਿੰਘ ਦੀ ਲਿਖੀ ਕਵਿਤਾ 'ਜਵਾਨ ਪੰਜਾਬ ਦੇ' ਪੜ੍ਹਦੇ ਹੋ।

ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,
ਮੁਸ਼ਕਲਾਂ ਤੋਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਤੱਕ ਆਪਣੀ ਵਾਰ ਦਿੰਦੇ।
ਪਰ ਰੋਹਬ ਨਾ ਝੱਲਣ ਕਿਸੇ ਦਾ,
ਖਲੋ ਜਾਣ ਡਾਂਗਾਂ ਫੜ ਕੇ,
ਮੰਨਣ ਬਸ ਇੱਕ ਆਪਣੀ ਜਵਾਨੀ ਦੇ ਜ਼ੋਰ ਨੂੰ।

ਸਹੀ ਜਵਾਬ ਵਾਲਾ ਅੱਖਰ ਖਾਨੇ ਵਿੱਚ ਲਿਖੋ।

**0 8 . 1** ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਹੈ?

| | |
|---|---|
| **A** | ਮਜ਼ਾਕੀਆ |
| **B** | ਦਿਆਲੂ |
| **C** | ਨਿਡਰ |

☐

**[1 mark]**

**0 8 . 2** ਤੁਸੀਂ ਪੰਜਾਬੀਆਂ ਤੋਂ ਕੰਮ ਕਿਵੇਂ ਲੈ ਸਕਦੇ ਹੋ?

| | |
|---|---|
| **A** | ਤਰੀਕੇ ਨਾਲ |
| **B** | ਪਰੇਮ ਨਾਲ |
| **C** | ਪ੍ਰਸੰਸਾ ਕਰਕੇ |

☐

**[1 mark]**

*Do not write outside the box*

**0 8 . 3** ਪੰਜਾਬੀਆਂ ਨੂੰ ਜੇ ਕੋਈ ਦਬਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਕਿਵੇਂ ਜਵਾਬ ਦਿੰਦੇ ਹਨ ?

| | |
|---|---|
| **A** | ਉਸਦਾ ਡੱਟ ਕੇ ਮੁਕਾਬਲਾ ਕਰਦੇ ਹਨ। |
| **B** | ਉਸ ਨੂੰ ਪਿਆਰ ਨਾਲ ਸਮਝਾਉਂਦੇ ਹਨ। |
| **C** | ਉਸ ਨਾਲ ਸੁਲਾਹ ਕਰ ਲੈਂਦੇ ਹਨ। |

☐

**[1 mark]**

**0 8 . 4** ਪੰਜਾਬੀ ਕਿਹੜੀ ਚੀਜ਼ ਵਿੱਚ ਯਕੀਨ ਰੱਖਦੇ ਹਨ ?

| | |
|---|---|
| **A** | ਦੋਸਤਾਂ ਦੀ ਦੋਸਤੀ ਵਿੱਚ |
| **B** | ਆਪਣੀ ਤਾਕਤ ਵਿੱਚ |
| **C** | ਹੱਕ ਦੀ ਕਮਾਈ ਵਿੱਚ |

☐

**[1 mark]**

4

**Turn over for the next question**

Do not write outside the box

**0 9** ਵਾਤਾਵਰਣ ਦੀਆਂ ਮੁਸ਼ਕਲਾਂ

ਤੁਸੀਂ ਪੰਜਾਬ ਵਿੱਚ ਵਾਤਾਵਰਨ ਦੀਆਂ ਆਉਣ ਵਾਲੇ ਸਮੇਂ ਦੀਆਂ ਮੁਸ਼ਕਲਾਂ ਤੇ ਇੱਕ ਆਰਟੀਕਲ ਪੜ੍ਹਦੇ ਹੋ ?

ਪਹਿਲਾਂ ਪੰਜਾਬ ਵਿੱਚ ਕਿਸਾਨਾਂ ਨੇ ਦਰੱਖਤ ਬਹੁਤ ਵੱਢੇ ਸਨ ਪਰ ਹੁਣ ਸਰਕਾਰ ਨੇ ਹਰ ਕਿਸਾਨ ਨੂੰ ਦੋ ਦਰੱਖਤ ਲਗਾਉਣ ਲਈ ਕਿਹਾ ਹੈ। ਝੋਨੇ ਦੀ ਪਰਾਲੀ ਸਾੜਨ ਨਾਲ ਬਹੁਤ ਧੂੰਆਂ ਹੋ ਜਾਂਦਾ ਹੈ। ਇਸ ਕਰਕੇ ਲੋਕਾਂ ਨੂੰ ਸਾਹ ਦੀਆਂ ਮੁਸ਼ਕਲਾਂ ਹੋਣਗੀਆਂ।

ਪਹਿਲਾਂ ਪਿੰਡਾ ਵਿੱਚ ਕੱਚੀਆਂ ਨਾਲੀਆਂ ਹੁੰਦੀਆਂ ਸਨ ਅਤੇ ਰਸਤਿਆਂ ਵਿੱਚ ਚਿੱਕੜ ਹੁੰਦਾ ਸੀ। ਹੁਣ ਨਾਲੀਆਂ ਤਾਂ ਪੱਕੀਆਂ ਬਣ ਗਈਆਂ ਹਨ। ਪਰ ਜ਼ਿਆਦਾ ਮੀਹਾਂ ਕਾਰਨ ਖੇਤਾਂ ਵਿੱਚੋਂ ਖਾਦ ਅਤੇ ਕੀੜੇ ਮਾਰਨ ਵਾਲੀਆਂ ਦਵਾਈਆਂ ਰੁੜ੍ਹ ਕੇ ਪੀਣ ਵਾਲੇ ਪਾਣੀ ਵਿੱਚ ਰਲ ਜਾਂਦੀਆਂ ਹਨ। ਅਸ਼ੁੱਧ ਪਾਣੀ ਪੀਣ ਨਾਲ ਜ਼ਿਆਦਾ ਲੋਕਾਂ ਨੂੰ ਖਤਰਨਾਕ ਬਿਮਾਰੀਆਂ ਲੱਗਣਗੀਆਂ।

ਬੀਤੇ ਸਮੇਂ ਵਿੱਚ ਕਿਹੜੀਆਂ ਦੋ ਮੁਸ਼ਕਲਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ ਦੋ ਮੁਸ਼ਕਲਾਂ ਹੋਣਗੀਆਂ ?

**ਪੰਜਾਬੀ** ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ।

| ਪੁਰਾਣੀ ਮੁਸ਼ਕਲ | ਹੁਣ ਦੀ ਮੁਸ਼ਕਲ | ਆਉਣ ਵਾਲੇ ਸਮੇਂ ਦੀ ਮੁਸ਼ਕਲ |
|---|---|---|
| | ਹਵਾ ਦਾ ਪ੍ਰਦੂਸ਼ਣ | |
| | ਪਾਣੀ ਦਾ ਪ੍ਰਦੂਸ਼ਣ | |

**[4 marks]**

4

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**1 0** **ਛੁੱਟੀਆਂ**

ਤੁਹਾਨੂੰ ਤੁਹਾਡੇ ਦੋਸਤ ਹਰਵੀਰ ਨੇ ਇਹ ਈ-ਮੇਲ ਭੇਜੀ ਹੈ।

ਹੈਲੋ !

ਤੁਹਾਡਾ ਕੀ ਹਾਲ-ਚਾਲ ਹੈ ? ਮੈਂ ਤੈਨੂੰ ਆਪਣੀਆਂ ਅੰਮ੍ਰਿਤਸਰ ਦੀਆਂ ਮਜ਼ੇਦਾਰ ਛੁੱਟੀਆਂ ਬਾਰੇ ਦੱਸਣਾ ਚਾਹੁੰਦਾ ਹਾਂ। ਅਸੀਂ ਅੰਮ੍ਰਿਤਸਰ ਵਿੱਚ ਮੇਰੇ ਦੋਸਤ ਦੇ ਖ਼ੂਬਸੂਰਤ ਘਰ ਵਿੱਚ ਠਹਿਰੇ ਹੋਏ ਹਾਂ। ਅਸੀਂ ਪਹਿਲੀ ਵਾਰੀ ਛੁੱਟੀਆਂ ਲਈ ਅੰਮ੍ਰਿਤਸਰ ਆਏ ਹਾਂ। ਪਿਛਲੇ ਹਫਤੇ, ਅਸੀਂ ਸ੍ਰੀ ਹਰਿਮੰਦਰ ਸਾਹਿਬ, ਬਾਬਾ ਅਟੱਲ ਅਤੇ ਕੁਝ ਹੋਰ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਹਨ। ਜਲ੍ਹਿਆਂ ਵਾਲੇ ਬਾਗ ਵਿੱਚ ਵਿਸਾਖੀ ਦਾ ਮੇਲਾ ਲੱਗਾ ਹੋਣ ਕਰਕੇ ਅਸੀਂ ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਵਿੱਚ ਪੁਰਾਣੀਆਂ ਚੀਜ਼ਾਂ ਦੇਖਣ ਜਾਣ ਦਾ ਮਨ ਬਣਾਇਆ ਹੈ। ਅਸੀਂ ਹਵੇਲੀ ਵਿੱਚ ਖਾਣਾ ਖਾਧਾ ਅਤੇ ਖਾਣਾ ਬਹੁਤ ਸੁਆਦ ਸੀ। ਅੰਮ੍ਰਿਤਸਰ ਵਿੱਚ ਬਹੁਤ ਸੁਹਣੀ ਧੁੱਪ ਨਿਕਲਦੀ ਹੈ।

ਅਸੀਂ ਸ਼ਨੀਵਾਰ ਨੂੰ ਪਰਿਵਾਰ ਅਤੇ ਦੋਸਤਾਂ ਲਈ ਸੁਗਾਤਾਂ ਖਰੀਦਣ ਜਾਣਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਅਗਲੀ ਵਾਰੀ ਆਪਾਂ ਦੋਵੇਂ ਛੁੱਟੀਆਂ ਕੱਟਣ ਸ਼ਿਮਲੇ ਚੱਲੀਏ। ਹੋਰ ਅੱਜ ਕੱਲ੍ਹ ਕੀ ਕਰ ਰਹੇ ਹੋ ?

ਮੇਰੇ ਵੱਲੋਂ ਸਾਰੇ ਪਰਿਵਾਰ ਨੂੰ ,

ਸਤਿ ਸ੍ਰੀ ਅਕਾਲ !

ਹਰਵੀਰ

Do not write outside the box

ਹਰਵੀਰ ਬਾਰੇ ਕਿਹੜੇ **ਚਾਰ** ਵਾਕ ਠੀਕ ਹਨ ?

| | |
|---|---|
| **A** | ਉਹ ਛੁੱਟੀਆਂ ਦਾ ਆਨੰਦ ਲੈ ਰਿਹਾ ਹੈ। |
| **B** | ਉਹ ਇੱਕ ਸੁਹਣੇ ਹੋਟਲ ਵਿੱਚ ਠਹਿਰਿਆ ਹੋਇਆ ਹੈ। |
| **C** | ਉਹ ਅੱਗੇ ਵੀ ਕਈ ਵਾਰੀ ਅੰਮ੍ਰਿਤਸਰ ਛੁੱਟੀਆਂ ਤੇ ਜਾ ਚੁੱਕਾ ਹੈ। |
| **D** | ਉਸ ਨੇ ਗੁਰਦੁਆਰੇ ਦੇਖ ਲਏ ਹਨ। |
| **E** | ਉਹ ਜਲ੍ਹਿਆਂ ਵਾਲਾ ਬਾਗ ਦੇਖਣ ਜਾਵੇਗਾ। |
| **F** | ਉਹ ਸਿੱਖ ਰਾਜ ਦੀਆਂ ਇਤਿਹਾਸਕ ਚੀਜ਼ਾਂ ਦੇਖਣਾ ਚਾਹੁੰਦਾ ਹੈ। |
| **G** | ਉਸ ਨੂੰ ਹਵੇਲੀ ਦਾ ਖਾਣਾ ਪਸੰਦ ਨਹੀਂ ਆਇਆ। |
| **H** | ਉਹ ਅੰਮ੍ਰਿਤਸਰ ਵਿੱਚ ਮੌਸਮ ਦਾ ਆਨੰਦ ਮਾਣਦਾ ਹੈ। |
| **I** | ਉਸ ਨੇ ਆਪਣੇ ਮਿੱਤਰਾਂ ਲਈ ਤੋਹਫੇ ਖਰੀਦ ਲਏ ਹਨ। |
| **J** | ਉਹ ਆਪਣੇ ਮਿੱਤਰ ਨੂੰ ਅੰਮ੍ਰਿਤਸਰ ਦੀਆਂ ਛੁੱਟੀਆਂ ਦੀ ਸਿਫਾਰਸ਼ ਕਰਦਾ ਹੈ। |

ਸਹੀ ਜਵਾਬ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

☐ ☐ ☐ ☐

**[4 marks]**

4

**Turn over for the next question**

Do not write outside the box

**1 1** ## ਵਿਆਹ ਅਤੇ ਜੀਵਨ ਸਾਥੀ ਲੱਭਣ ਬਾਰੇ ਵਿਚਾਰ

ਤੁਸੀਂ ਪੰਜਾਬੀ ਵੈੱਬ ਫੋਰਮ ਪੇਜ ਤੇ ਨੌਜਵਾਨਾਂ ਦੇ ਵਿਆਹ ਅਤੇ ਸਾਥੀ ਲੱਭਣ ਬਾਰੇ ਵਿਚਾਰ ਪੜ੍ਹਦੇ ਹੋ।



ਮਨਜੀਤ

ਵਿਆਹ ਤੋਂ ਪਹਿਲਾਂ ਆਪਣੇ ਹੋਣ ਵਾਲੇ ਸਾਥੀ ਦੀਆਂ ਆਦਤਾਂ ਅਤੇ ਸੁਭਾਅ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਮਾਪਿਆਂ ਦੀ ਸਲਾਹ ਵੀ ਲੈਣੀ ਚਾਹੀਦੀ ਹੈ।



ਗੁਰਦੇਵ

ਦੋਵੇਂ ਸਾਥੀ ਇਕੱਠੇ ਰਹਿਣ, ਹਮੇਸ਼ਾ ਉਹ ਕਰਨ ਜੋ ਉਨ੍ਹਾਂ ਨੂੰ ਪਸੰਦ ਹੋਵੇ ਅਤੇ ਦੂਸਰਿਆਂ ਬਾਰੇ ਬਿਲਕੁਲ ਨਾ ਸੋਚਣਾ ਪਵੇ। ਬੱਚਿਆਂ ਦੇ ਝੰਜਟ ਵਿੱਚ ਪੈਣਾ ਮੈਨੂੰ ਜੇਲ ਵਿੱਚ ਰਹਿਣ ਜਿਹਾ ਲਗਦਾ ਹੈ।



ਅਲੀਸ਼ਾ

ਮੈਨੂੰ ਨਹੀਂ ਲਗਦਾ ਵਿਆਹ ਕਰਾਉਣ ਦਾ ਕੋਈ ਫਾਇਦਾ ਹੈ ਕਿਉਂਕਿ ਮੇਰੇ ਮਾਪੇ ਹਮੇਸ਼ਾ ਲੜਦੇ ਰਹਿੰਦੇ ਹਨ।



ਜਸਬੀਰ

ਤਲਾਕ ਦਾ ਬੱਚਿਆਂ ਤੇ ਡੂੰਘਾ ਅਸਰ ਹੁੰਦਾ ਹੈ। ਪਰ ਤਲਾਕ ਦੇ ਡਰੋਂ ਵਿਆਹ ਨਾ ਕਰਾਉਣਾ ਬਿਲਕੁਲ ਗਲਤ ਹੈ। ਮੈਂ ਇਹ ਖਤਰਾ ਇੱਕ ਵਾਰੀ ਜ਼ਰੂਰ ਉਠਾਵਾਂਗੀ ਕਿਉਂਕਿ ਮੈਂ ਇਹ ਸਾਬਤ ਕਰਨਾ ਹੈ, ਸਾਰੇ ਵਿਆਹਾਂ ਦਾ ਅੰਤ ਤਲਾਕ ਨਹੀਂ ਹੁੰਦਾ।



ਨਰਿੰਦਰ

ਵਿਆਹ ਇੱਕ ਪਵਿੱਤਰ ਬੰਧਨ ਹੈ। ਇਸ ਦੀ ਸਫਲਤਾ ਲਈ ਜ਼ਰੂਰੀ ਹੈ, ਦੋਵੇਂ ਧਿਰਾਂ ਇੱਕ ਦੂਜੇ ਪ੍ਰਤੀ ਪਿਆਰ ਅਤੇ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਉਣ।



ਸੁਖਪਰੀਤ

ਬਦਕਿਸਮਤੀ ਨਾਲ, ਅੱਜ ਦੇ ਸਮਾਜ ਵਿੱਚ ਵਿਆਹ ਦੀ ਕਦਰ ਦਿਨੋ ਦਿਨ ਘੱਟਦੀ ਜਾ ਰਹੀ ਹੈ ਪਰ ਜੇਕਰ ਹਰ ਕੋਈ ਵਿਆਹ ਦੇ ਅਸਲੀ ਅਰਥ ਸਮਝੇ ਤਾਂ ਨਿਰਸੰਦੇਹ ਬਹੁਤੇ ਵਿਆਹ ਨਹੀਂ ਟੁੱਟਣਗੇ।

*Do not write outside the box*

ਇਹ ਕਿਸ ਦਾ ਵਿਚਾਰ ਹੈ ?

ਉਸ ਵਿਅਕਤੀ ਦਾ ਨਾਂ ਸਾਹਮਣੇ ਦਿੱਤੀ ਹੋਈ ਖਾਲੀ ਥਾਂ ਤੇ ਲਿਖੋ।

**11.1** ਵਿਆਹ ਲਈ ਪੂਰੀ ਤਰ੍ਹਾਂ ਨਾਂਹ ਪੱਖੀ ਵਿਚਾਰ ? **[1 mark]**

**11.2** ਵਿਆਹ ਕਰਾਉਣ ਵੇਲੇ ਮਾਂ ਬਾਪ ਦਾ ਵੀ ਮਾਣ ਰੱਖ ਲੈਣਾ ਚਾਹੀਦਾ ਹੈ ? **[1 mark]**

**11.3** ਤਲਾਕ ਦਾ ਬੱਚਿਆਂ ਤੇ ਬਹੁਤ ਅਸਰ ਹੁੰਦਾ ਹੈ ਪਰ ਫਿਰ ਵੀ ਤੁਹਾਨੂੰ ਇੱਕ ਵਾਰੀ ਵਿਆਹ ਜ਼ਰੂਰ ਕਰਾਉਣਾ ਚਾਹੀਦਾ ਹੈ ? **[1 mark]**

**11.4** ਵਿਆਹ ਦਾ ਅਸਲੀ ਮਤਲਬ ਸਮਝਣਾ ਜ਼ਰੂਰੀ ? **[1 mark]**

**11.5** ਵਿਆਹ ਕਰਾਉਣ ਨਾਲੋਂ ਉਂਝ ਹੀ ਇਕੱਠੇ ਰਹਿਣ ਦੇ ਹੱਕ ਵਿੱਚ ? **[1 mark]**

**11.6** ਵਿਆਹ ਨੂੰ ਇੱਕ ਪਾਵਨ ਜੋੜ ਸਮਝਦਾ ਹੈ ? **[1 mark]**

6

**Turn over for Section C**

**Turn over ▶**

Do not write outside the box

## Section C

Translate into **English**.

**1 2** Your brother has seen this advertisement on the internet and asks you to translate it for him into **English**.

ਇਹ ਇੱਕ ਲੜਾਈ ਤੇ ਬਣੀ ਫਿਲਮ ਹੈ। ਇਹ ਇੱਕ ਸਿੱਖ ਫੌਜੀ ਦੀ ਸੱਚੀ ਕਹਾਣੀ ਨੂੰ ਦਿਖਾਉਂਦੀ ਹੈ। ਭਾਵੇਂ ਗਿਣਤੀ ਵਿੱਚ ਉਸਦੇ ਫੌਜੀ ਚੀਨੀ ਫੌਜ ਨਾਲੋਂ ਕਾਫੀ ਘੱਟ ਸਨ, ਫਿਰ ਵੀ ਉਹ ਬਹੁਤ ਬਹਾਦਰੀ ਨਾਲ ਲੜਿਆ। ਇਸ ਫਿਲਮ ਦੇ ਗਾਣੇ ਵੀ ਬਹੁਤ ਵਧੀਆ ਹਨ ਅਤੇ ਅਗਲੇ ਹਫਤੇ ਤੁਹਾਡੇ ਨੇੜੇ ਦੇ ਸਿਨਮੇ ਵਿੱਚ ਦਿਖਾਈ ਜਾਵੇਗੀ।

**[9 marks]**

9

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

| Question number | **Additional page, if required.<br>Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

Do not write outside the box

| Question number | **Additional page, if required.<br>Write the question numbers in the left-hand margin.** |
|---|---|
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2020 AQA and its licensors. All rights reserved.